ਜੇਕਰ ਆਪਣੇ ਬੱਚੇ ਨੂੰ ਦੁਭਾਸ਼ੀ ਬਣਨ ਵਿਚ ਸਹਾਇਤਾ ਕਰਨ ਬਾਰੇ ਤੁਹਾਡੇ ਕੋਈ ਸੁਆਲ ਹਨ ਤਾਂ ਕਿਰਪਾ ਕਰਕੇ ਆਪਣੇ ਸਕੂਲ ਵਿਚ ਈ ਏ ਐੱਲ ਟੀਚਰ ਨਾਲ ਗੱਲ ਬਾਤ ਕਰੋ।

ਜੇਕਰ ਤੁਹਾਡੇ ਸਕੂਲ ਵਿਚ ਕੋਈ ਈ ਏ ਐੱਲ ਟੀਚਰ ਨਹੀਂ ਤਾਂ ਕਿਰਪਾ ਕਰਕੇ ਈ ਏ ਐੱਲ ਸਰਵਿਸ ਨਾਲ ਸੰਪਰਕ ਕਰੋ 0131 469 2890.


ਹਵਾਲੇ

ਏ ਪੇਰੈਂਟਸ' ਐਂਡ ਟੀਚਰਜ਼' ਗਾਈਡ ਟ ਬਾਈਲਿਗੁਏਲਿਜ਼ਮ
ਬੇਕਰ, ਕੋਲਿਨ, 1995

ਲਰਨਿੰਗ ਇਨ 2+ ਲੈਂਗੁਏਜਿਜ਼
ਲਰਨਿੰਗ ਐਂਡ ਟੀਚਿੰਗ ਸਕੌਟਲੈਂਡ, 2005

ਲੈਂਗੁਏਜਿਜ਼ ਫਾਰ ਲਾਈਫ: ਬਾਈਲਿੰਗੁਅਲ ਪੀਉਪਿਲਜ਼ 5-14
ਐੱਸ ਸੀ ਸੀ ਸੀ, 1994



ਲੂਆਨ ਪੋਰਟਰ ਹੈੱਡ ਟੀਚਰ ਈ ਏ ਐੱਲ ਸਰਵਿਸ

ਐਜੂਕੇਸ਼ਨ ਸਰਵਿਸਿਜ਼ ਸੈਂਟਰ,, 154 McDonald Road, Edinburgh, EH7 4NN
ਫੋਨ 0131 469 2890, ਫੈਕਸ 0131 469 2891

Headteacher.EAL@educ.edin.gov.uk




# ਆਪਣੇ ਬੱਚੇ ਨੂੰ ਦੁਭਾਸ਼ੀ ਬਣਨ ਵਿਚ ਸਹਾਇਤਾ ਕਰਨੀ




ਸਿਟੀ ਆਫ ਐਡਿਨਬਰ੍ਹਾ ਈ ਏ ਐੱਲ ਸਰਵਿਸ 2007

**ਮੈਂ ਆਪਣੇ ਬੱਚੇ ਦੀ ਸਹਾਇਤਾ ਦੋਨਾਂ ਜ਼ਬਾਨਾਂ ਨੂੰ ਪੜ੍ਹਣ ਅਤੇ ਸਿੱਖਣ ਲਈ ਕਿਵੇਂ ਕਰ ਸਕਦਾ ਹਾਂ?**

ਪੜ੍ਹਣ ਅਤੇ ਲਿੱਖਣ ਵਾਲੇ ਕੰਮ ਤੁਹਾਡੇ ਬੱਚੇ ਲਈ ਰੋਚਕ ਅਤੇ ਉਸ ਦੇ ਅਨੁਭਵ ਨਾਲ ਸਬੰਧਤ ਹੋਣੇ ਚਾਹੀਦੇ ਹਨ। ਤੁਹਾਡੇ ਬੱਚੇ ਦਾ ਕਲਾਸ ਟੀਚਰ ਜਾਂ ਈ ਏ ਐੱਲ ਟੀਚਰ ਉਚਿਤ ਵਿਸ਼ਿਆਂ ਅਤੇ ਐਕਟਿਵਟੀਆਂ(ਸਰਗਰਮੀਆਂ)ਬਾਰੇ ਸੁਝਾਅ ਦੇ ਸਕਦਾ ਹੈ। ਆਨੰਦ ਪ੍ਰਪਤੀ ਲਈ ਪੜ੍ਹਣਾ ਵੀ ਜ਼ਰੂਰੀ ਹੈ। ਇੰਝ ਦੋਨਾਂ ਜ਼ਬਾਨਾਂ ਵਿਚ ਕਾਲਪਨਿਕ ਕਹਾਣੀਆਂ ਦੀ ਵਰਤੋਂ ਕਰਕੇ ਹੋ ਸਕਦਾ ਹੈ। ਹੋਮ ਲੈਂਗੂਇਜ ਸਕਿੱਲਜ਼ (ਘਰ ਵਿਚ ਬੋਲੀਆਂ ਜਾਣ ਵਾਲੀਆਂ ਜ਼ਬਾਨਾਂ ਦੀਆਂ ਮੁਹਾਰਤਾਂ) ਨੂੰ ਵਿਕਸਿਤ ਕਰਨ ਲਈ ਕਮਿਉਨਿਟੀ ਲੈਂਗੂਇਜ (ਭਾਈਚਾਰਕ ਜ਼ਬਾਨਾਂ) ਕਲਾਸਾਂ ਵੀ ਚੰਗਾ ਤਰੀਕਾ ਹੈ।

**ਸਾਡੀ ਹੋਮ ਲੈਂਗੂਇਜ ਵੱਖਰੀ ਲਿੱਪੀ ਦੀ ਵਰਤੋਂ ਕਰਦੀ ਹੈ। ਕੀ ਇਹ ਮੇਰੇ ਬੱਚੇ ਨੂੰ ਕਨਫਿਊਜ਼ (ਉਲਝਾਉਣਾ) ਕਰ ਦੇਵੇਗੀ?**

ਇੰਗਲਿਸ਼ ਪੜ੍ਹਣ ਅਤੇ ਲਿੱਖਣ ਵਿਚ ਹੋਮ ਲੈਂਗੂਇਜ ਪੜ੍ਹਣ ਨਾਲ ਸਹਾਇਤਾ ਮਿਲਦੀ ਹੈ। ਬੱਚੇ ਸਫਲਤਾਪੂਰਬਕ ਪੂਰੀ ਤਰ੍ਹਾਂ ਦੋ ਅਲੱਗ ਅਲੱਗ ਲਿੱਪੀਆਂ ਵਿਚ ਲਿੱਖਣਾ ਸਿੱਖ ਸਕਦੇ ਹਨ।

**ਮੇਰੇ ਬੱਚੇ ਦੀਆਂ ਸਮਸਿਆਵਾਂ ਆਪਣੀ ਹੋਮ ਲੈਂਗੂਇਜ ਵਿਚ ਪੜ੍ਹਾਈ/ਲਿਖਾਈ/ਸਪੈਲਿੰਗਾਂ (ਹਿੱਜੇ) ਵਿਚ ਹਨ।** ਕੀ **ਇੰਗਲਿਸ਼ ਵਿਚ ਵੀ ਉਨ੍ਹਾਂ ਦੀਆਂ ਇਹੋ ਹੀ ਸਮਸਿਆਵਾਂ ਹੋਣਗੀਆਂ?**

ਪੜ੍ਹਾਈ ਲਿਖਾਈ ਦੀਆਂ ਕੁਝ ਸਮਸਿਆਵਾਂ ਇਕ ਜ਼ਬਾਨ ਤੋਂ ਕਿਸੇ ਹੋਰ ਜ਼ਬਾਨ ਵਿਚ ਚਲੀਆਂ ਜਾਂਦੀਆਂ ਹਨ। ਤੁਸੀਂ ਜਿੰਨੀ ਜ਼ਿਆਦਾ ਜਾਣਕਾਰੀ ਆਪਣੇ ਬੱਚੇ ਦੇ ਸਕੂਲ ਅਤੇ ਈ ਏ ਐੱਲ ਟੀਚਰ ਨੂੰ ਦੇ ਸਕਦੇ ਹੋ ਉਹ ਉਨਾ ਹੀ ਜ਼ਿਆਦਾ ਤੁਹਾਡੇ ਵਿਸ਼ੇਸ਼ ਸੁਆਲਾਂ ਦੇ ਜੁਆਬ ਅਤੇ ਉਚਿਤ ਸਮਰਥਨ ਦੇ ਸਕਣਗੇ।

**ਕੀ ਮੇਰੇ ਬੱਚੇ ਦਾ ਸਕੂਲ ਵਾਲਾ ਕੰਮ ਉਸ ਦੇ ਬਾਈਲਿੰਗੂਅਲ (ਦੁਭਾਸ਼ੀ) ਹੋਣ ਕਾਰਣ ਪ੍ਰਭਾਵਿਤ ਹੋਏਗਾ?**

ਇੰਗਲਿਸ਼ ਸਿੱਖਣ ਦੇ ਸ਼ੁਰੂ ਦੇ ਪੜਾਵਾਂ ਵਿਚ ਸ਼ਾਇਦ ਤੁਹਾਡਾ ਬੱਚਾ ਆਪਣੀ ਹੋਮ ਲੈਂਗੂਇਜ ਦੇ ਮਿਆਰ ਤਕ ਪਹੁੰਚਨ ਨਾਲੋਂ ਜ਼ਿਆਦਾ ਸਮਾਂ ਲਵੇ। ਫੇਰ ਵੀ, ਸਮੇਂ ਨਾਲ ਅਤੇ ਪ੍ਰੇਰਨਾ ਅਤੇ ਸਮਰਥਨ ਨਾਲ ਉਹ ਸਫਲਤਾ ਪ੍ਰਾਪਤ ਕਰ ਸਕਦੇ ਹਨ। ਅਸਲ ਵਿਚ, ਰਾਸ਼ਟਰੀ ਟੈੱਸਟਾਂ ਵਿਚ ਇਕ ਜ਼ਬਾਨ ਬੋਲਣ ਵਾਲਿਆਂ ਨਾਲੋਂ ਕੁਝ ਦੁਭਾਸ਼ੀ ਵਿਦਿਆਰਥੀਆਂ ਦੇ ਨਤੀਜੇ ਬੇਹਤਰ ਹੁੰਦੇ ਹਨ।

## ਦੁਭਾਸ਼ੀ ਲੋਕ ਇਸ ਸੰਸਾਰ ਨੂੰ ਕਿਸ ਤਰ੍ਹਾਂ ਵੇਖਦੇ ਹਨ?




ਜੇਨ ਕੋਲ ਪੀਲੇ ਰੰਗ ਦੇ ਲੈਂਜ਼ਾਂ (ਸ਼ੀਸ਼ਿਆਂ) ਵਾਲੀ ਐਨਕ ਹੈ।
ਉਸ ਨੂੰ, ਇਹ ਸੰਸਾਰ ਕੇਵਲ ਪੀਲਾ ਹੀ ਨਜ਼ਰ ਆਉਂਦਾ ਹੈ।

ਇਮਰਾਨ ਕੋਲ ਦੋ ਐਨਕਾਂ ਹਨ। ਇਕ ਦੇ ਪੀਲੇ ਰੰਗ ਵਾਲੇ ਲੈਂਜ਼ ਹਨ। ਜਦੋਂ ਉਹ ਇਨ੍ਹਾਂ ਨੂੰ ਪਾਅ ਲੈਂਦਾ ਹੈ ਤਾਂ ਸੰਸਾਰ ਪੀਲਾ ਨਜ਼ਰ ਆਉਂਦਾ ਹੈ। ਦੂਜੀ ਐਨਕ ਦੇ ਲੈਂਜ਼ ਨੀਲੇ ਰੰਗ ਦੇ ਹਨ। ਜਦੋਂ ਉਹ ਇਨ੍ਹਾਂ ਨੂੰ ਪਾਅ ਲੈਂਦਾ ਹੈ ਤਾਂ ਸੰਸਾਰ ਨੀਲਾ ਨਜ਼ਰ ਆਉਂਦਾ ਹੈ। ਉਸ ਨੇ ਸੰਸਾਰ ਕਿਹੋ ਜਿਹਾ ਵੇਖਣਾ ਹੈ ਇਹ ਉਸ ਦੀ ਚੋਆਇਸ (ਚੋਣ) ਹੈ – ਪੀਲੇ ਰੰਗ – ਨੀਲੇ ਰੰਗ ਦੇ ਲੈਂਜ਼ਾਂ ਨਾਲ। ਉਹ ਇਸ ਸੰਸਾਰ ਨੂੰ ਕਿਵੇਂ ਵੇਖਦਾ ਹੈ ਇਸ ਦੀ ਤੁਲਨਾ ਉਹ ਉਨ੍ਹਾਂ ਵੱਖ ਵੱਖ ਸ਼ੇਡਾਂ ਅਤੇ ਟੋਨਾਂ (ਰੰਗਾਂ ਦੀ ਗਹਿਰਾਈ ਅਤੇ ਝੱਲਕਾਂ) ਨਾਲ ਕਰ ਸਕਦਾ ਹੈ ਜੋ ਕੁਝ ਵੱਖ ਵੱਖ ਲੈਂਜ਼ ਉਜਾਗਰ ਕਰਦੇ ਹਨ। ਵੱਖ ਵੱਖ ਲੈਂਜ਼ ਕਦੋਂ ਪਾਉਣੇ ਹਨ ਇਸ ਗੱਲ ਦਾ ਫੈਸਲਾ ਉਹ ਕਰ ਸਕਦਾ ਹੈ ਅਤੇ ਇਹ ਸੰਸਾਰ ਕਿਹੋ ਜਿਹਾ ਲਗਦਾ ਹੈ ਉਹ ਇਸ ਦੀ ਸਾਂਝ ਪੀਲੇ ਰੰਗ ਦੀਆਂ ਐਨਕਾਂ ਪਾਉਣ ਵਾਲਿਆਂ ਨਾਲ ਕਰ ਸਕਦਾ ਹੈ ਜਾਂ ਇਸ ਦੀ ਤੁਲਨਾ ਉਨ੍ਹਾਂ ਨਾਲ ਕਰ ਸਕਦਾ ਹੈ ਜਿਹੜੇ ਪੀਲੇ ਰੰਗ ਜਾਂ ਕਿਸੇ ਹੋਰ ਰੰਗ ਦੇ ਲੈਂਜ਼ ਪਾਉਂਦੇ ਹਨ।




ਉਹ ਪੀਲੇ ਜਾਂ ਨੀਲੇ ਰੰਗ ਦੇ ਲੈਂਜ਼ ਇਕੋ ਸਮੇਂ ਪਾਅ ਸਕਦਾ ਹੈ ਅਤੇ ਇਨ੍ਹਾਂ ਰੰਗਾਂ ਨੂੰ ਹਰੇ ਰੰਗ ਵਿਚ ਬਦਲਦਿਆਂ ਵੇਖ ਸਕਦੇ ਹਨ, ਪਰ ਜਿਵੇਂ ਜੇਨ ਨੇ ਵੇਖਿਅ ਸੀ, ਉਸ ਤਰ੍ਹਾਂ ਨਹੀਂ, ਉਹ ਵੇਖ ਸਕਦਾ ਸੀ ਕਿ ਇਹ ਸੰਸਾਰ ਪੀਲਾ ਜਾਂ ਨੀਲਾ ਜਾਂ ਹਰਾ ਨਹੀਂ ਸੀ ਪਰ ਇਹ ਸੰਸਾਰ ਕਿਹੋ ਜਿਹਾ ਲਗਦਾ ਹੈ ਇਸ ਦਾ ਨਿਰਭਰ ਇਸ ਗੱਲ ਤੇ ਕਰੇਗਾ ਕਿ ਕੋਈ ਇਸ ਨੂੰ ਕਿਹੜੇ ਲੈਂਜ਼ ਰਾਹੀਂ ਵੇਖਦਾ ਹੈ। ਅੱਗੋਂ ਹੋਰ, ਇਮਰਾਨ ਆਪਣੇ ਕਲਾਈਡੋਸਕੋਪ–ਵਰਲਡ ਵੀਊ (ਰੰਗ–ਬਰੰਗੇ ਚਿੱਤਰ ਵਿਖਾਉਨ ਵਾਲੇ ਯੰਤਰ ਰਾਹੀਂ ਸੰਸਾਰ ਨੂੰ ਵੇਖਣਾ) ਦੀ ਸਾਂਝ ਜੇਨ ਨਾਲ ਕਰ ਸਕਦਾ ਹੈ ਜਿਹੜੀ ਆਪਣੀ ਪੀਲੇ ਰੰਗ ਵਾਲੀ ਸਚਾਈ ਦੇ ਅੰਦਰ ਸੀਮਿਤ ਹੈ।

1 *ਲਰਨਿੰਗ 2 + ਲੈਂਗੁਇਜਿਜ਼, ਲਰਨਿੰਗ ਐਂਡ ਟੀਚਿੰਗ ਸਕੌਟਲੈਂਡ 2005 ਵਿਚੋਂ ਲਿਆ ਗਿਆ ਹੈ*
*ਮੁੱਢ ਵਿਚ ਲੈਂਗੁਇਜਿਜ਼ ਲਾਈਫ ਵਿਚੋਂ: ਬਾਈਲਿੰਗੁਅਲ ਪੀਉਪਲਜ਼ 5–14, ਐੱਸ ਸੀ ਸੀ ਸੀ 1994*



### ਹੋਮ ਲੈਂਗੁਇਜ ਨੂੰ ਵਿਕਸਿਤ ਕਰਦੇ ਰਹਿਣਾ ਕਿਉਂ ਜ਼ਰੂਰੀ ਹੈ??

ਸਮਾਜਕ ਇੰਗਲਿਸ਼ ਨੂੰ ਵਿਕਸਿਤ ਕਰਨ ਵਿਚ ਦੋ ਸਾਲ ਤਕ ਲਗ ਸਕਦੇ ਹਨ। ਫੇਰ ਵੀ, ਐਜੂਕੇਸ਼ਨ (ਵਿਦਿਆ) ਲਈ ਇੰਗਲਿਸ ਜ਼ਬਾਨ ਦੀਆਂ ਮੁਹਾਰਤਾਂ ਨੂੰ ਪੂਰੀ ਤਰ੍ਹਾਂ ਵਿਕਸਿਤ ਕਰਨ ਵਿਚ ਦੱਸ ਸਾਲ ਲੱਗ ਸਕਦੇ ਹਨ। ''ਹੋਰ ਜ਼ਬਾਨਾਂ ਸਿਖਣ ਲਈ ਅਤੇ ਨਵੇਂ ਵਿਚਾਰ ਬਣਾਉਣ ਲਈ ਤੁਹਾਡੇ ਬੱਚੇ ਦੀ ਪਹਿਲੀ ਜ਼ਬਾਨ (ਮਾਂ ਬੋਲੀ) ਸਭ ਤੋਂ ਵੱਧੀਆ ਨੀਂਹ ਪ੍ਰਦਾਨ ਕਰਦੀ ਹੈ''। ਆਪਣੇ ਬੱਚੇ ਦੀ ਹੋਮ ਲੈਂਗੁਇਜ ਨੂੰ ਵਿਕਸਿਤ ਕਰਦੇ ਰਹਿਣ ਨਾਲ ਉਨ੍ਹਾਂ ਦੀ ਇੰਗਲਿਸ਼ ਦੀ ਸਿਖਲਾਈ ਤੋਂ ਸੁਤੰਤਰ ਉਨ੍ਹਾਂ ਦੇ ਵਿਚਾਰ ਅਤੇ ਰੀਜ਼ਨਿੰਗ (ਤਰਕ–ਵਿਤਰਕ ਕਰਨ ਦੀ ਸ਼ਕਤੀ) ਵਿਕਸਿਤ ਹੁੰਦੇ ਹਨ।

### ਆਪਣੀ ਹੋਮ ਲੈਂਗੁਇਜ ਨੂੰ ਵਿਕਸਿਤ ਕਰਨ ਲਈ ਮੈਂ ਆਪਣੇ ਬੱਚੇ ਦੀ ਸਹਾਇਤਾ ਕਿਵੇਂ ਕਰ ਸਕਦਾ ਹਾਂ?

- ਹੋਮ ਲੈਂਗੁਇਜ ਅਤੇ ਇੰਗਲਿਸ਼ ਦੇ ਵਿਸ਼ਿਆਂ ਵਾਲੀਆਂ ਸੱਚੇ ਤੱਥਾਂ ਵਾਲੀਆਂ ਅਤੇ ਕਲਪਨਾ ਵਾਲੇ ਵਿਸ਼ਿਆਂ ਵਾਲੀਆਂ ਕਿਤਾਬਾਂ (ਦੋ ਜ਼ਬਾਨਾਂ ਵਾਲੀਆਂ ਕਿਤਾਬਾਂ)
- ਹੋਮ ਲੈਂਗੁਇਜ ਕਲਾਸਾਂ ਅਤੇ ਸਕੂਲਾਂ ਵਿਚ ਜਾਣਾ
- ਆਪਣੀ ਹੋਮ ਲੈਂਗੁਇਜ ਕਮਿਉਨਿਟੀ (ਭਾਈਚਾਰਾ) ਵਿਚ ਮਿਲਨਾ ਜੁਲਨਾ
- ਸਕੂਲ ਵਾਲੇ ਕੰਮ ਬਾਰੇ ਆਪਣੀ ਹੋਮ ਲੈਂਗੁਇਜ ਵਿਚ ਗੱਲ ਬਾਤ ਕਰਨੀ
- ਆਪਣੀ ਐਕਸਟੈਂਡਿਡ ਫੈਮਲੀ (ਚਾਚਾ–ਚਾਚੀ, ਦਾਦਾ–ਦਾਦੀ ਆਦਿ) ਨਾਲ ਮਿਲਦੇ ਰਹਿਣਾ
- ਆਪਣੀ ਹੋਮ ਲੈਂਗੁਇਜ ਵਿਚ ਰੇਡਿਓ ਅਤੇ ਸੀ ਡੀਆਂ ਨੂੰ ਸੁਣਨਾ ਅਤੇ ਟੈਲੀਵੀਜ਼ਨ ਅਤੇ ਡੀ ਵੀ ਡੀਆਂ ਵੇਖਣਾ
- ਹੋਮ ਲੈਂਗੁਇਜ ਵਾਲੀਆਂ ਵੈੱਬਸਾਈਟਾਂ ਨੂੰ ਵੇਖਣਾ ਅਤੇ ਈ–ਲਰਨਿੰਗ ਐਕਟਿਵਟੀਆਂ ਕਰਨੀਆਂ

## ਅਕਸਰ ਪੁੱਛੇ ਜਾਂਦੇ ਸੁਆਲ

**ਮੇਰੀ ਇੰਗਲਿਸ਼ ਬਹੁਤੀ ਚੰਗੀ ਨਹੀਂ ਹੈ। ਕੀ ਮੈਨੂੰ ਆਪਣੇ ਬੱਚੇ ਨਾਲ ਇੰਗਲਿਸ਼ ਬੋਲਨੀ ਚਾਹੀਦੀ ਹੈ? ਬੇਹਤਰ ਇਹ ਹੋਏਗਾ ਕਿ ਤੁਸੀਂ ਉਸ ਨਾਲ ਹੋਮ ਲੈਂਗੂਇਜ ਦੀ ਵਰਤੋਂ ਕਰੋ ਕਿਉਂਕਿ ਤੁਸੀਂ ਆਪਣੀ ਜ਼ਬਾਨ ਦਾ ਚੰਗਾ ਨਮੂਨਾ ਪ੍ਰਦਾਨ ਕਰੋਗੇ। (ਤੁਹਾਡੇ ਬੱਚੇ ਨੂੰ ਘਰ ਤੋਂ ਬਾਹਰ ਇੰਗਲਿਸ਼ ਸੁਣਨ ਅਤੇ ਇਸ ਦੀ ਵਰਤੋਂ ਕਰਨ ਦੇ ਕਈ ਅਵਸਰ ਮਿਲਣਗੇ)।**

**ਮੇਰਾ ਬੱਚਾ ਦੋ ਜ਼ਬਾਨਾਂ ਨੂੰ ਮਿਕਸ (ਘਾਲਾ–ਮਾਲਾ) ਕਰ ਜਾਂਦਾ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?**
ਜੇਕਰ ਕੋਈ ਬੱਚਾ ਇਕੋ ਸਮੇਂ ਤੇ ਦੋ ਜ਼ਬਾਨਾਂ ਸਿੱਖ ਰਿਹਾ ਹੁੰਦਾ ਹੈ ਤਾਂ ਇਹ ਕੁਝ ਹੋਣਾ ਆਮ ਗੱਲ ਹੈ। ਤੁਹਾਡਾ ਬੱਚਾ ਹੌਲੀ ਹੌਲੀ ਦੋ ਜ਼ਬਾਨਾਂ ਨੂੰ ਵੱਖ ਵੱਖ ਕਰਨਾ ਸ਼ੁਰੂ ਕਰ ਦੇਵੇਗਾ। ਉਹ ਕਿਸ ਉਮਰ ਵਿਚ ਅਤੇ ਕਿਸ ਗਤੀ ਨਾਲ ਇੰਝ ਕਰਨਗੇ, ਇਨ੍ਹਾਂ ਵਿਚ ਬਹੁਤ ਜ਼ਿਆਦਾ ਫਰਕ ਹੁਦੇ ਹਨ। ਜੇਕਰ ਤੁਸੀਂ ਫਿਕਰਮੰਦ ਹੋ ਤਾਂ ਈ ਏ ਐੱਲ ਟੀਚਰ ਨਾਲ ਸੰਪਰਕ ਕਰੋ।

**ਕੀ ਮੈਨੂੰ ਦੋ ਜ਼ਬਾਨਾਂ ਨੂੰ ਵੱਖ ਵੱਖ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਉਦਾਹਰਣ ਵੱਜੋਂ ਇਕ ਜ਼ਬਾਨ ਘਰ ਵਿਚ ਅਤੇ ਦੂਜੀ ਜ਼ਬਾਨ ਘਰ ਤੋਂ ਬਾਹਰ?**
ਸ਼ੁਰੂ ਵਿਚ ਦੂਜੀ ਜ਼ਬਾਨ ਸਿਖਣ ਲਗਿਆਂ ਸਭ ਤੋਂ ਵੱਧੀਆ ਗੱਲ ਤਾਂ ਇਹ ਹੋਏਗੀ ਕਿ ਦੋ ਜ਼ਬਾਨਾਂ ਨੂੰ ਵੱਖ ਵੱਖ ਰੱਖਿਆ ਜਾਵੇ। ਹਰ ਇਕ ਜ਼ਬਾਨ ਲਈ ਹੱਦਾਂ ਬਣਾਉਣਾ ਔਖਾ ਹੋ ਸਕਦਾ ਹੈ ਪਰ ਤੁਹਾਡੇ ਬੱਚੇ ਨੂੰ ਦੋਨਾਂ ਜ਼ਬਾਨਾਂ ਨੂੰ ਬਗੈਰ ਮਿਕਸ ਕੀਤਿਆਂ ਸਹਾਇਤਾ ਮਿਲੇਗੀ। ਵਿਚਾਰਾਂ ਲਈ ਆਪਣੇ ਈ ਏ ਐੱਲ ਟੀਚਰ ਨੂੰ ਪੁੱਛੋ।

**ਜਦੋਂ ਮੇਰਾ ਬੱਚਾ ਹੋਮ ਲੈਂਗੂਇਜ ਬਿਲਕੁਲ ਨਹੀਂ ਕਰਨਾ ਚਾਹੁੰਦਾ ਤਾਂ ਮੈਂ ਕੀ ਕਰ ਸਕਦਾ ਹਾਂ?**
ਬੱਚਿਆਂ ਲਈ ਇਹ ਆਮ ਚੀਜ਼ ਹੈ, ਵਿਸ਼ੇਸ਼ ਤੌਰ ਤੇ ਟੀਨੇਜਰਜ਼ (ਗੱਭਰੂ) ਹਰ ਸਮੇਂ ਇੰਗਲਿਸ਼ ਦੀ ਵਰਤੋਂ ਕਰਨਾ ਚਾਹੁੰਦੇ ਹਨ ਕਿਉਂਕਿ ਉਹ ਆਪਣੇ ਦੋਸਤਾਂ ਵਿਚ ਰੱਲਨਾ–ਮਿਲਨਾ ਚਾਹੁੰਦੇ ਹਨ। ਕਈ ਵਾਰੀ ਹੋਮ ਲੈਂਗੂਇਜ ਨੂੰ ਨਕਾਰਨਾ ਥੋੜ੍ਹੇ ਸਮੇਂ ਲਈ ਹੁੰਦਾ ਹੈ। ਆਪਣੇ ਬੱਚੇ ਨੂੰ ਕਿਸੇ ਵਿਸ਼ੇਸ਼ ਜ਼ਬਾਨ ਦੀ ਵਰਤੋਂ ਕਰਨ ਲਈ ਮਜਬੂਰ ਕਰਨਾ ਚੰਗੀ ਗੱਲ ਨਹੀਂ ਹੈ।



## ‘ਬਾਈਲਿੰਗੁਅਲ’ ਹੋਣ ਦਾ ਕੀ ਮਤਲਬ ਹੈ?

ਸੰਸਾਰ ਭਰ ਵਿਚ ਇਕ ਤੋਂ ਜ਼ਿਆਦਾ ਜ਼ਬਾਨਾਂ ਸਿਖਦਿਆਂ ਹੋਇਆਂ ਵੱਡਾ ਹੋਣਾ ਬਹੁਤ ਆਮ ਹੈ। ਅਸੀਂ ‘ਬਾਈਲਿੰਗੁਅਲ’ ਸ਼ਬਦ ਉਨ੍ਹਾਂ ਲੋਕਾਂ ਲਈ ਵਰਤਦੇ ਹਾਂ ਜਿਹੜੇ ਆਪਣੇ ਆਮ ਜੀਵਨ ਵਿਚ ਇਕ ਤੋਂ ਜ਼ਿਆਦਾ ਜ਼ਬਾਨਾਂ ਦੀ ਵਰਤੋਂ ਕਰਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਉਸ ਬੰਦੇ ਦੀਆਂ ਮੁਹਾਰਤਾਂ ਹਰ ਇਕ ਜ਼ਬਾਨ ਵਿਚ ਇਕੋ ਜਿਹੀਆਂ ਹਨ।

## ਬਾਈਲਿੰਗੁਅਲ ਹੋਣ ਦੇ ਕੀ ਫਾਇਦੇ ਹਨ?

**ਸਭਿਅਤਾ**
ਇਕ ਤੋਂ ਜ਼ਿਆਦਾ ਜ਼ਬਾਨਾਂ ਦੀ ਵਰਤੋਂ ਕਰਨ ਦਾ ਮਤਲਬ ਇਹ ਹੈ ਕਿ ਤੁਸੀਂ ਇਕ ਤੋਂ ਜ਼ਿਆਦਾ ਸੰਸਾਰਾਂ ਦਾ ਅਨੁਭਵ ਕਰ ਸਕਦੇ ਹੋ: ਸੋਚ, ਵਿਚਾਰਾਂ ਅਤੇ ਵਿਸ਼ਵਾਸਾਂ ਦੇ ਵੱਖਰੇ ਤਰੀਕੇ ਹਨ। ਕਦਰਾਂ, ਰਿਵਾਇਤਾਂ ਅਤੇ ਸਭਿਆਚਾਰਕ ਪਛਾਣ ਨੂੰ ਕਾਇਮ ਰੱਖਨ ਲਈ ਹੋਮਲੈਂਗੂਇਜ ਬਹੁਤ ਮਹੱਤਵਪੂਰਣ ਹੈ।

**ਪਰਿਵਾਰ**
ਆਮ ਤੌਰ ਤੇ ਹੋਮ ਲੈਂਗੂਇਜ ਇਹੋ ਜਿਹੀ ਜ਼ਬਾਨ ਹੈ ਜਿਸ ਨੂੰ ਬੱਚਾ ਪਹਿਲੋਂ ਸਿੱਖਦਾ ਹੈ, ਇਸ ਲਈ ਇਸ ਦਾ ਵਿਸ਼ੇਸ਼ ਮਹੱਤਵ ਹੈ ਅਤੇ ਵਲਵਲੇ ਜ਼ਾਹਿਰ ਕਰਨ ਲਈ ਇਹ ਸਭ ਤੋਂ ਜ਼ਿਆਦਾ ਕੁਦਰਤੀ ਹੈ। ਆਪਣੀ ਪਰਿਵਾਰ ਅਤੇ ਦੋਸਤਾਂ ਨਾਲ ਸਬੰਧ ਕਾਇਮ ਰੱਖਣ ਲਈ ਵੀ ਹੋਮ ਲੈਂਗੂਇਜ ਜ਼ਰੂਰੀ ਹੈ।

**ਸੋਚਨ ਸ਼ਕਤੀ**
ਇਕ ਤੋਂ ਜ਼ਿਆਦਾ ਜ਼ਬਾਨਾਂ ਦੀ ਸਿਖਲਾਈ ਰਚਨਾਤਮਕ ਸੋਚ, ਸਮਸਿਆ ਦਾ ਸਮਾਧਾਨ ਅਤੇ ਵਿਚਾਰ ਜ਼ਾਹਿਰ ਕਰਨ ਵਿਚ ਸੁਧਾਰ ਕਰ ਸਕਦੀ ਹੈ।

**ਜ਼ਬਾਨ**
ਕੋਈ ਜ਼ਬਾਨ ਕਿਵੇਂ ਕੰਮ ਕਰਦੀ ਹੈ ਇਸ ਬਾਰੇ ਬਾਈਲਿੰਗੁਏਲਿਜ਼ਮ (ਦੋ ਜ਼ਬਾਨਾਂ ਜਾਣਨਾ) ਬੇਹਤਰ ਸਮਝ ਪੈਦਾ ਕਰਦਾ ਹੈ ਅਤੇ ਇਹ ਹੋਰ ਜ਼ਬਾਨਾਂ ਨੂੰ ਸਿੱਖਣਾ ਹੋਰ ਸੌਖਾ ਬਣਾ ਸਕਦਾ ਹੈ।

**ਕੰਮ ਦੇ ਅਵਸਰ**
ਕਈ ਨੌਕਰੀਆਂ ਅਤੇ ਰੋਜ਼ਗਾਰ ਮਾਲਿਕਾਂ ਨੂੰ ਇਹੋ ਜਿਹੇ ਲੋਕਾਂ ਦੀ ਲੋੜ ਹੁੰਦੀ ਹੈ ਜਿਹੜੇ ਹੋਰ ਜ਼ਬਾਨਾਂ ਬੋਲ, ਪੜ੍ਹ ਅਤੇ ਲਿੱਖ ਸਕਦੇ ਹਨ।